# ਅਯੁੱਧਿਆ ਬਾਰੇ ਅਦਾਲਤੀ ਫੈਸਲਾ

ਅਲਾਹਾਬਾਦ ਹਾਈ ਕੋਰਟ ਨੇ ਅਯੁੱਧਿਆ ਦੀ ਬਾਬਰੀ ਮਸਜਿਦ ਵਾਲੇ ਥਾਂ ਦੀ ਮਾਲਕੀ ਬਾਰੇ ਤੀਹ ਸਤੰਬਰ ਨੂੰ ਆਪਣਾ ਫੈਸਲਾ ਦੇ ਦਿੱਤਾ। ਮਸਜਿਦ ਵਾਲੀ ਜਗ੍ਹਾ ਨੂੰ ਤਿੰਨ ਹਿੱਸਿਆਂ ਵਿਚ ਵੰਡਣ ਦਾ ਫੈਸਲਾ ਦਿਤਾ ਗਿਆ ਹੈ। ਅਦਾਲਤ ਨੇ ਫੈਸਲਾ ਕੀਤਾ ਹੈ ਕਿ ਇਸ ਥਾਂ ਨੂੰ ਨਿਰਮੋਹੀ ਅਖਾੜਾ, ਵਕਫ਼ ਬੋਰਡ ਅਤੇ ਹਿੰਦੂ ਮਹਾ ਸਭਾ ਵਿਚ ਵੰਡ ਦਿੱਤਾ ਜਾਵੇ ਲੇਕਿਨ ਫਿਲਹਾਲ ਤਿੰਨ ਮਹੀਨੇ ਕੋਈ ਤਬਦੀਲੀ ਨਾ ਕੀਤੀ ਜਾਵੇ। ਉਸ ਦੇ ਬਾਅਦ ਤਿੰਨੋਂ ਧਿਰਾਂ ਉਥੇ ਆਪਣੇ ਹਿਸਾਬ ਨਾਲ ਮੰਦਰ ਅਤੇ ਮਸਜਿਦ ਬਣਾ ਸਕਦੇ ਹਨ।

ਮੀਡੀਆ ਵਿਚ ਅਦਾਲਤ ਦੇ ਇਸ ਫੈਸਲੇ ਬਾਰੇ ਕਈ ਤਰ੍ਹਾਂ ਦੀਆਂ ਦਲੀਲਾਂ ਦਿੱਤੀਆਂ ਜਾ ਰਹੀਆਂ ਹਨ। ਭਾਜਪਾ ਨੇ ਕਿਹਾ ਹੈ ਕਿ ਇਸ ਫੈਸਲੇ ਨਾਲ ਉਨ੍ਹਾਂ ਦੀ ਮਸਜਿਦ ਢਾਹ ਕੇ ਮੰਦਰ ਬਣਾਉਣ ਦੀ ਮੁਹਿੰਮ ਦੀ ਸੱਚਾਈ ਸਾਬਤ ਹੋ ਗਈ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ ਇਸ ਫੈਸਲੇ ਨੇ ਪਿਛਲੀਆਂ ਗੱਲਾਂ ਭੁੱਲ ਕੇ ਅੱਗੇ ਵਧਣ ਲਈ ਰਾਹ ਸਾਫ਼ ਕਰ ਦਿਤਾ ਹੈ ਅਤੇ ਲੋਕਾਂ ਨੂੰ ਹੁਣ ਪਿਛਲੀਆਂ ਤਲਖੀਆਂ ਭੁੱਲਾ ਕੇ ਭਵਿਖ ਦੀ ਗੱਲ ਸੋਚਣੀ ਚਾਹੀਦੀ ਹੈ, ਹੁਣ ਹਿੰਦੁਸਤਾਨ ਉਹ ਨਹੀਂ ਜੋ 1992 ਵਿਚ ਸੀ, ਲੋਕ ਭਵਿਖ ਬਾਰੇ ਸੋਚ ਰਹੇ ਹਨ, ਇਹ ਆਪਸ ਵਿਚ ਸਮਝੌਤੇ ਲਈ ਇਕ ਵਧੀਆ ਸਮਾਂ ਹੈ, ਵਗੈਰਾ ਵਗੈਰਾ। ਲੇਕਿਨ ਦੋ ਧਿਰਾਂ ਨੇ ਇਸ ਫੈਸਲੇ ਖ਼ਿਲਾਫ਼ ਸੁਪ੍ਰੀਮ ਕੋਰਟ ਵਿਚ ਅਪੀਲ ਦਾਇਰ ਕਰਨ ਦਾ ਐਲਾਨ ਕੀਤਾ ਹੈ।

ਇਕ ਗੱਲ ਸਾਫ਼ ਹੈ ਕਿ ਹਾਕਮ ਟੋਲੇ ਇਸ ਫੈਸਲੇ ਨੂੰ ਵੀ ਫਿਰਕੂ ਹਿੰਸਾ ਅਤੇ ਤਸ਼ੱਦਦ ਦਾ ਬਾਜ਼ਾਰ ਗਰਮ ਰੱਖਣ ਲਈ ਵਰਤਣ ਦੀ ਕੋਸ਼ਿਸ਼ ਜ਼ਰੂਰ ਕਰਨਗੇ। ਆਪਣੇ ਮੁਫ਼ਾਦ ਹਾਸਲ ਕਰਨ ਲਈ ਹਾਕਮ ਟੋਲੇ ਲਈ ਫਿਰਕੂ ਹਿੰਸਾ ਅਤੇ ਤਸ਼ੱਦਦ ਬਹੁਤ ਹੀ ਲੋੜੀਂਦਾ ਹਥਿਆਰ ਹੈ। ਇਸ ਨੇ ਹਮੇਸ਼ਾ ਹੀ ਸਦਭਾਵਨਾ ਅਤੇ ਸੈਕੂਲਰਵਾਦ ਦੇ ਨਾਂਅ ਹੇਠ ਫਿਰਕੂ ਤਸ਼ੱਦਦ ਜਥੇਬੰਦ ਕੀਤਾ ਹੈ। ਹੁਣ ਵੀ ਹਾਕਮ ਟੋਲਾ, ਉਨ੍ਹਾਂ ਦੀਆਂ ਪਾਰਟੀਆਂ ਅਤੇ ਹੋਰ ਅਦਾਰੇ ਇਸ ਫੈਸਲੇ ਨੂੰ ਫਿਰਕੂ ਹਿੰਸਾ ਦੀ ਅੱਗ ਵਿਚ ਹੋਰ ਤੇਲ ਪਾਉਣ ਦੀ ਕੋਸ਼ਿਸ਼ ਕਰਨ ਲਈ ਵਰਤਣ ਤੋਂ ਗੁਰੇਜ਼ ਨਹੀਂ ਕਰਨਗੇ। ਇਸ ਲਈ ਲੋਕਾਂ ਨੂੰ ਬਹੁਤ ਹੀ ਚੌਕਸ ਰਹਿਣ ਦੀ ਲੋੜ ਹੈ।

ਹਾਕਮ ਟੋਲੇ ਦਾ ਇਕ ਧੜਾ ਕਹੇਗਾ ਕਿ ਅਯੁੱਧਿਆ ਦੇ ਬਾਅਦ ਉਨ੍ਹਾਂ ਦਾ ਰਾਹ ਹੋਰਨਾਂ ਥਾਂਵਾਂ ਤੇ ਮਸਜਿਦਾਂ ਢਾਉਣ ਲਈ ਹੁਣ ਹੋਰ ਸਾਫ਼ ਹੋ ਗਿਆ ਹੈ। ਇਸ ਧੜੇ ਦਾ ਕਹਿਣਾ ਹੈ ਕਿ ਹਿੰਦੁਸਤਾਨ ਵਿਚ ਅਨੇਕਾਂ ਇਹੋ ਜਿਹੀਆਂ ਮਸਜਿਦਾਂ ਹਨ ਜੋ ਮੰਦਰਾਂ ਨੂੰ ਢਾਹ ਕੇ ਬਣਾਈਆਂ ਗਈਆਂ ਸਨ ਤੇ ਹੁਣ ਇਨ੍ਹਾਂ ਸਭ ਮਸੀਤਾਂ ਨੂੰ ਢਾਹ ਕੇ ਮੰਦਰ ਬਣਾਉਣੇ ਚਾਹੀਦੇ ਹਨ।

ਹਾਕਮ ਟੋਲੇ ਦਾ ਦੂਜਾ ਧੜਾ ਸਦਭਾਵਨਾ ਅਤੇ ਸੈਕੂਲਰਵਾਦ ਦੇ ਝੰਡੇ ਹੇਠ ਫਿਰਕੂ ਹਿੰਸਾ ਅਤੇ ਫਾਸ਼ੀ ਤਸ਼ੱਦਦ ਨੂੰ ਹਵਾ ਦੇਵੇਗਾ ਜਿਸ ਤਰ੍ਹਾਂ ਕਾਂਗਰਸ ਪਾਰਟੀ ਦੀ ਸਰਕਾਰ ਨੇ 1992 ਵਿਚ ਅਤੇ ਇਸ ਤੋਂ ਪਹਿਲਾਂ ਕੀਤਾ ਸੀ। ਇਸ ਸੈਕੂਲਰ ਸਰਕਾਰ ਦੀ ਛਤਰ-ਛਾਇਆ ਹੇਠ ਹੀ ਪੰਜ ਸੌ ਸਾਲ ਪੁਰਾਣੀ ਮਸੀਤ ਨੂੰ ਢਾਹ ਦਿਤਾ ਗਿਆ ਅਤੇ ਪੂਰੇ ਹਿੰਦੁਸਤਾਨ ਵਿਚ ਹਜ਼ਾਰਾਂ ਹੀ ਲੋਕਾਂ ਦੇ ਕਤਲ ਕੀਤੇ ਗਏ। ਇਸ ਕਤਲੋਗਾਰਤ ਲਈ ਅੱਜ ਤੱਕ ਕਿਸੇ ਨੂੰ ਕੋਈ ਸਜ਼ਾ ਨਹੀਂ ਦਿਤੀ ਗਈ ਅਤੇ ਹੁਣ ਲੋਕਾਂ ਨੂੰ ਇਹ ਸਾਰੀਆਂ ਗੱਲਾਂ ਭੁੱਲਣ ਦੀਆਂ ਸਲਾਹਾਂ ਦਿੱਤੀਆਂ ਜਾ ਰਹੀਆਂ ਹਨ।

ਹਿੰਦੁਸਤਾਨ ਦੇ ਲੋਕ ਆਪਣੇ ਮਸਲੇ ਹੱਲ ਕਰਨ ਦੇ ਫਿਕਰ ਵਿਚ ਹਨ। ਉਹ ਰੋਟੀ, ਕਪੜਾ, ਮਕਾਨ, ਸਿਹਤ, ਤਾਲੀਮ, ਪਾਣੀ ਅਤੇ ਬਿਜਲੀ ਆਦਿ ਦੇ ਮਸਲਿਆਂ ਦਾ ਹੱਲ ਲੱਭ ਰਹੇ ਹਨ। ਮਜ਼ਦੂਰ, ਕਿਸਾਨ, ਕਬਾਇਲੀ ਲੋਕ , ਕਰਮਚਾਰੀ, ਵਿਦਿਆਰਥੀ ਅਤੇ ਹੋਰ ਮਿਹਨਤਕਸ਼ ਲੋਕ ਇਨ੍ਹਾਂ ਮਸਲਿਆਂ ਦੇ ਹੱਲ ਲਈ ਸੰਘਰਸ਼ ਕਰ ਰਹੇ ਹਨ। ਹਾਕਮ ਟੋਲਾ ਇਹ ਮਸਲੇ ਹੱਲ ਕਰਨ ਵਿਚ ਕੋਈ ਦਿਲਚਸਪੀ ਨਹੀਂ ਰੱਖਦਾ। ਇਸ ਲਈ ਉਹ ਅਯੁੱਧਿਆ ਮਸਲੇ ਨੂੰ ਆਉਣ ਵਾਲੇ ਸਮੇਂ ਵਿਚ ਕਿਸੇ ਨਾ ਕਿਸੇ ਤਰਾਂ ਭਖਦਾ ਰੱਖੇਗਾ ਅਤੇ ਲੋਕਾਂ ਦਾ ਧਿਆਨ ਬੁਨਿਆਦੀ ਮਸਲਿਆਂ ਤੋਂ ਹਟਾਉਣ ਦੀ ਕੋਸ਼ਿਸ਼ ਕਰੇਗਾ। ਲੋਕਾਂ ਨੂੰ ਬਹੁਤ ਹੀ ਚੌਕਸ ਰਹਿਣ ਦੀ ਲੋੜ ਹੈ ਕਿ ਹਾਕਮ ਟੋਲਾ ਅਤੇ ਉਨ੍ਹਾਂ ਦੇ ਨੁਮਾਇੰਦੇ ਫਿਰ ਫਿਰਕੂ ਦੁਫੇੜ ਦਾ ਹਥਿਆਰ ਵਰਤਣ ਦੀ ਕੋਸ਼ਿਸ਼ ਕਰਨਗੇ।

ਅਯੁੱਧਿਆ ਦੇ ਲੋਕ ਸਦੀਆਂ ਤੋਂ ਆਪਸ ਵਿਚ ਪਿਆਰ ਮੁਹੱਬਤ ਨਾਲ ਵਸਦੇ ਆ ਰਹੇ ਹਨ। ਹਾਕਮ ਟੋਲੇ ਦੇ ਉਕਸਾਉਣ ਦੇ ਬਾਵਜੂਦ ਵੀ ਉਨ੍ਹਾਂ ਨੇ ਆਪਸੀ ਪਿਆਰ ਅਤੇ ਇੱਜ਼ਤ ਨੂੰ ਢਾਹ ਨਹੀਂ ਲੱਗਣ ਦਿਤੀ ਹੈ। ਉਹ ਆਪਣੇ ਪ੍ਰੇਮ ਅਤੇ ਸਿਆਣਪ ਨਾਲ ਹਾਕਮ ਟੋਲੇ ਦੀਆਂ ਨਵੀਆਂ ਕੋਸ਼ਿਸ਼ਾਂ ਨੂੰ ਵੀ ਨਾਕਾਮ ਕਰ ਦੇਣਗੇ ਤੇ ਆਪਸੀ ਸਾਂਝ ਬਣਾਈ ਰੱਖਣਗੇ। ਹਾਕਮ ਟੋਲੇ ਨੇ ਭਾਵੇਂ ਉਨ੍ਹਾਂ ਦੇ ਸਿਰ ਇਹ ਇਕ ਆਫਤ ਮੜ੍ਹ ਦਿਤੀ ਹੈ ਪਰ ਆਪਣੀ ਸਿਆਣਪ ਅਤੇ ਸੋਧ ਨਾਲ ਉਹ ਆਪਣੇ ਮਸਲਿਆਂ ਦੇ ਹੱਲ ਲੱਭ ਰਹੇ ਹਨ ਤੇ ਲੱਭ ਲੈਣਗੇ।